# ਭਾਸ਼ਾ ਦੀ ਪ੍ਰਕਿਰਤੀ

ਮਨੁੱਖੀ ਸਮਾਜ ਵਿੱਚ ਭਾਸ਼ਾ ਸੰਚਾਰ ਦੇ ਮਾਧਿਅਮ ਵਜੋਂ ਕਾਰਜ ਕਰਦੀ ਹੈ। ਭਾਸ਼ਾ ਤੇ ਆਲ ਇਥੋਂ ਇਹ ਸਵਾ ਦਾ ਮਾਧਿਅਮ ਨਹੀਂ ਹੈ ਸਗੋਂ ਸੰਚਾਰ ਵਾਸਤੇ hor ਗੈਰ -Bਸਾਈ ਜੁਗਤਾਂ ਨੂੰ ਵੀ ਵਰਤਿਆ ਜਾਂਦਾ ਹੈ ਜਿਵੇਂ ਇਸ਼ਾਰੇ, ਚੁਟਕੀ ਆਦਿ। ਪਰ ਭਾਸ਼ਾ ਮਾਨਵੀ ਜਾਤੀ ਦੀ ਇੱਕ ਵਿਲੱਖਣ ਪ੍ਰਾਪਤੀ ਹੈ ।

ਭਾਸ਼ਾ ਸ਼ਬਦ ਦੀ ਉਤਪਤੀ ਸੰਸਕ੍ਰਿਤ **DwqU** (ਭਾਸ਼) ਤੋਂ ਹੋਈ ਹੈ ਜਿਸ ਦਾ ਅਰਥ hY ਬੋਲਣਾਂ। ਭਾਸ਼ਾ **Sbd** ਲਈ ਉਰਦੂ, ਫਾਰਸੀ ਵਿੱਚ ਜੁਬਾਨ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅੰਗਰੇਜ਼ੀ ਵਿੱਚ ਇਸ ਲਈ (tongue) ਸ਼ਬਦ ਦੀ ਵਰਤੋਂ ਹੁੰਦੀ ਹੈ। ਅਰਬੀ ਵਿੱਚ ਭਾਸ਼ਾ ਨੂੰ 'ਲਿਸਾਨ' ਆਖਦੇ ਹਨ। ਲਤੀਨੀ ਵਿੱਚ Lingua' ਦਾ ਪ੍ਰਯੋਗ **huMdw hY BwSw Aql** ਗਹਿਨ, ਸੂਖਮ ਅਤੇ ਜਟਿਲ ਹੋਂਦ ਦੀ ਧਾਰਨੀ ਹੈ। ਇਹ ਇੱਕ ਸਰਵ ਵਿਆਪਕ ਵਰਤਾਰਾ ਹੁੰਦੇ ਹੋਏ ਵੀ ਅਜੇ vI ਭਾਸ਼ਾ ਵਿਗਿਆਨੀਆਂ ਲਈ ਅਕੱਥ ਅਤੇ ਅਕਹਿ ਹੈ। ਭਾਸ਼ਾ ਵਿਗਿਆਨ ਦਾ ਕੋਈ ਵੀ ਇਕੱਲਾ ਸਿਸਟਮ ਭਾਸ਼ਾ ਦੇ ਸਾਰੇ ਪਹਿਲੂਆਂ ਦੀ ਵਿਸਥਾਰਪੂਰਵਕ ਵਿਆਖਿਆ ਨਹੀਂ ਕਰ ਸਕਦਾ ਹੈ। ਪਰ ਇਸ ਦੇ ਬਾਵਜੂਦ ਵੀ ਭਾਸ਼ਾ ਮਨੁੱਖੀ ਜਿੰਦਗੀ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ।

'ਅਬ੍ਰਾਹਮ' ਦੇ ਸ਼ਬਦਾਂ ਵਿੱਚ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ 'ਭਾਸ਼ਾ' ਹੈ।" ਪ੍ਰਸਿੱਧ ਭਾਸ਼ਾ ਵਿਗਿਆਨੀ **blUm** ਫੀਲਡ ਦੇ ਅਨੁਸਾਰ, "ਭਾਸ਼ਾ ਸਾਡੇ ਲਈ ਇੰਨੀ ਸਹਿਜ ਸੁਭਾਵਕ ਹੁੰਦੀ ਹੈ ਜਿੰਨਾਂ ਕਿ ਸਾਡਾ ਸਾਹ ਲੈਣਾ ਜਾਂ ਚੱlxw **iPrnw[**"

VISION SUPREME
ज्ञानं चक्षुर्मनुष्याणाम

**ਭਾਸ਼ਾ ਦੀ ਪਰਿਭਾਸ਼ਾ** :-

ਮਨੁੱਖ ਦੇ ਮਨੋਭਾਵਾਂ ਅਤੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਜੀਭ ਦੁਆਰਾ ਪ੍ਰਗਟ ਕੀਤੀਆਂ ਜਾਂਦੀਆਂ ਸਾਰਥਕ ਧੁਨੀਆਂ ਜਾਂ ਬੋਲਾਂ ਦੇ ਸਮੂਹ ਨੂੰ ਭਾਸ਼ਾ ਕਿਹਾ ਜਾਂਦਾ ਹੈ। ਭਾਸ਼ਾ ਦਾ ਪ੍ਰਯੋਗ ਮਨੁੱਖੀ ਜਾਤੀ ਆਪਸੀ ਗੱਲਬਾਤ ਲਈ ਹੀ ਨਹੀਂ ਕਰਦੀ ਸਗੋਂ ਵੱਖ ਵੱਖ ਤਰ੍ਹਾਂ ਦੇ ਗਿਆਨ, ਵਿਗਿਆਨ ਤੇ ਅਨੁਭਵ ਦੇ ਪ੍ਰਗਟਾਵੇ ਲਈ ਵੀ ਭਾਸ਼ਾ ਨੂੰ ਲਾਹੇਵੰਦ ਮਾਧਿਅਮ ਮੰਨਿਆ ਗਿਆ ਹੈ। ਮਨੁੱਖ ਆਪਣੇ ਮਨੋਭਾਵਾਂ ਅਤੇ ਵਿਚਾਰਾਂ ਨੂੰ ਲਿਖਕੇ ਤੇ ਬੋਲਕੇ ਦੋਵੇਂ ਤਰਾਂ ਨਾਲ ਪ੍ਰਗਟ ਕਰ ਸਕਦਾ ਹੈ ਇਸ ਲਈ ਭਾਸ਼ਾ ਵੀ ਦੋ ਤਰਾਂ ਦੀ ਹੁੰਦੀ ਹੈ। - ਮੌਖਿਕ ਭਾਸ਼ਾ ਅਤੇ ਲਿਖਤੀ ਭਾਸ਼ਾ। ਮੌਖਿਕ ਭਾਸ਼ਾ ਨੂੰ ਕਈ ਵਾਰ ਬੋਲੀ ਨਾਲ ਇਕਮਿਕ ਕਰ ਦਿੱਤਾ ਜਾਂਦਾ ਹੈ। ਜਦਕਿ ਲਿਖਤੀ ਭਾਸ਼ਾ ਦਾ ਸੰਬੰਧ ਲਿਪੀ ਨਾਲ ਜੋੜਿਆ ਜਾਂਦਾ ਹੈ। ਮੌਖਿਕ ਅਤੇ ਲਿਖਤੀ ਭਾਸ਼ਾ ਤੋਂ ਬਿਨਾਂ ਵੀ ਕਈ ਆਧਾਰਾਂ ਤੇ ਭਾਸ਼ਾ ਦਾ ਵਰਗੀਕਰਨ ਕੀਤਾ ਜਾ ਸਕਦਾ ਹੈ। ਖੇਤਰੀ ਵਖਰੇਵਿਆਂ ਦੇ ਆਧਾਰ ਤੇ ਭਾਸ਼ਾ ਅਤੇ ਉਪਭਾਸ਼ਾ ਵਿੱਚ ਅੰਤਰ ਕੀਤਾ ਜਾਂਦਾ ਹੈ ਜਿਵੇਂ ਅਜੋਕੇ ਪੰਜਾਬ ਵਿੱਚ ਟਕਸਾਲੀ ਪੰਜਾਬੀ ਦੇ ਨਾਲ ਮਾਝੀ, ਮਲਵਈ, ਦੁਆਬੀ ਤੇ ਪੁਆਧੀ ਪੰਜਾਬੀ ਦੀਆਂ ਖੇਤਰੀ ਉਪਭਾਸ਼ਾਵਾਂ ਹਨ। ਵਪਾਰ ਦੀ ਭਾਸ਼ਾ ਨੂੰ ਪਿਜਿਨ ਭਾਸ਼ਾ ਕਿਹਾ ਜਾਂਦਾ ਹੈ। ਜਦੋਂ ਭਾਸ਼ਾ ਨੂੰ ਕਿਸੇ ਮੰਤਵ ਲਈ ਦੂਜੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ ਤਾਂ ਉਸਨੂੰ ਐਪਲਾਈਡ ਲਾਸ਼ਾ ਵਿਗਿਆਨ ਦੇ ਘੇਰੇ ਵਿੱਚ ਰੱਖਿਆ ਜਾਂਦਾ ਹੈ। ਇਸ ਖੇਤਰ ਵਿੱਚ ਪਹਿਲੀ ਭਾਸ਼ਾ, ਦੂਜੀ ਭਾਸ਼ਾ ਅਤੇ ਵਿਦੇਸ਼ੀ ਭਾਸ਼ਾ ਆਦਿ ਸੰਕਲਪ ਉਭਰਦੇ ਹਨ। ਭਾਸ਼ਾ ਨੂੰ ਗ੍ਰਹਿਣ ਕਰਨ ਪੱਖੋਂ ਵੀ

ਇਸਨੂੰ ਦੋ ਪੱਖਾਂ ਵਿੱਚ ਵੰਡਿਆ ਜਾਂਦਾ ਹੈ। ਪਹਿਲੀ ਭਾਸ਼ਾ ਜਾਂ ਮਾਤ ਭਾਸ਼ਾ ਨੂੰ ਸੁੱਤੇ ਸਿੱਧ ਗ੍ਰਹਿਣ ਕੀਤਾ ਜਾਂਦਾ ਹੈ ਜਦ ਕਿ ਦੂਜੀ ਭਾਸ਼ਾ ਜਾਂ ਵਿਦੇਸ਼ੀ ਭਾਸ਼ਾ ਨੂੰ ਸਿੱਖਿਆ ਜਾਂਦਾ ਹੈ। ਭਾਸ਼ਾ ਦੇ ਵਖਰੇਵੇਂ ਜਿੰਨੇ ਮਰਜੀ ਹੋਣ ਪਰ ਇਸ ਦੀਆਂ ਮੂਲ ਵਿਸ਼ੇਸ਼ਤਾਈਆਂ ਉਹੀ ਰਹਿੰਦੀਆਂ ਹਨ। ਮੂਲ ਵਿਸ਼ੇਸ਼ਤਾਵਾਂ ਵਿੱਚ ਦੇ ਖਤਾ, ਤਬਦੀਲੀ, ਆਪਮੁਹਾਰਾਪਣ, ਅੰਤਰ ਵਟਾਂਦਰ, ਉਤਪਾਦਨਸ਼ੀਲਤਾ, ਵਿਸ਼ੇਸ਼ੀਕਰਨ, ਵਿਸਥਾਪਣ ਅਤੇ ਸੱਭਿਆਚਾਰਕ ਪਾਂਤਰਨ ਆਦਿ ਸ਼ਾਮਲ ਹਨ। ਤਕਨੀਕੀ ਲੋੜਾ ਲਈ ਅੱਜ ਭਾਸ਼ਾ ਦੇ ਵੱਖਰੇ ਰੂਪਾਂ ਦੀ ਸਿਰਜਨਾ ਕੀਤੀ ਜਾਂਦੀ ਹੈ। ਇਸ ਪ੍ਰਕਾਰ ਭਾਸ਼ਾ ਇੱਕ ਜਟਿਲ ਸਿਸਟਮ ਹੈ।

**<u>ਪੱਛਮੀ ਵਿਦਵਾਨਾਂ ਅਨੁਸਾਰ</u>**-

(ੳ) ਮਾਧਿਅਮ ਮੁੱਖ ਪਰਿਭਾਸ਼ਾ- 'ਆਟੋ ਦੇਸਪਰਸ਼ਨ ਅਨੁਸਾਰ, "ਭਾਸ਼ਾ ਇੱਕ ਮਨੁੱਖੀ ਕਿਆ ਹੈ ਜਿਸਦਾ ਮਨੋਰਥ ਭਾਵਾਂ ਅਤੇ ਵਿਚਾਰਾਂ ਦਾ ਸੰਚਾਰ ਕਰਨਾ ਹੈ।"

(ਅ) ਸਿਸਟਮ ਮੁੱਖ ਪਰਿਭਾਸ਼ਾ - ਬਲਾਕ ਤੇ ਰੰਗ' ਅਨੁਸਾਰ, ਭਾਸ਼ਾ ਆਪਹੁਦਰੇ (ਸਵੈਇੱਛਤ) ਧੁਨੀ ਪ੍ਰਤੀਕਾਂ ਦਾ ਸਿਸਟਮ ਹੈ।'ਮੈਕਮਿਲਨ' ਅਨੁਸਾਰ, "ਭਾਸ਼ਾ ਧੁਨੀ ਚਿੰਨਾਂ ਦਾ ਆਪਹੁਦਰਾ ਸਿਸਟਮ ਹੈ।

(ੲ) ਸੰਰਚਨਾ-ਮੁਲਕ ਪਰਿਭਾਸ਼ਾ :- ਜੋਨਾਥਨ ਕੂਲਰ ਅਨੁਸਾਰ, "ਭਾਸ਼ਾ ਸੰਬੰਧਾਂ ਦਾ ਸਿਸਟਮ ਹੈ ਜਿਸਦਾ ਅਧਿਐਨ ਇਕਾਲਿਕ ਵਿਧੀ ਦੁਆਰਾ ਕੀਤਾ ਜਾਂਦਾ ਹੈ।"

'ਸੋਸਿਊਰ' ਦੇ ਅਨੁਸਾਰ, "ਭਾਸ਼ਾ ਬੁਨਿਆਦੀ ਤੌਰ ਤੇ ਧੁਨੀਆਤਮਕ ਚਿੰਨ੍ਹਾਂ ਦਾ ਇੱਕ ਸਿਸਟਮ ਹੈ ਜਿਸਦਾ ਟੀਚਾ ਸੰਚਾਰ ਯੋਗ ਖਿਆਲਾਂ ਤੇ ਭਾਵਾਂ ਨੂੰ ਪ੍ਰਗਟਾਉਣਾ ਹੈ। ਹੈਰਿਸ ਦੇ ਅਨੁਸਾਰ, "ਭਾਸ਼ਾ ਮੂਲ ਰੂਪ ਵਿੱਚ ਸੰਚਾਰ ਯੋਗ ਵਿਚਾਰਾਂ ਅਤੇ ਭਾਵਾਂ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਧੁਨੀ ਚਿੰਨ੍ਹਾਂ ਦੀ ਇੱਕ ਪ੍ਰਣਾਲੀ ਹੈ।

**<u>ਪੰਜਾਬੀ ਅਤੇ ਭਾਰਤੀ ਵਿਦਵਾਨਾਂ ਅਨੁਸਾਰ</u>** :-

"ਡਾ. ਬਾਬੂ ਰਾਮ ਸਕਸੈਨਾ' ਅਨੁਸਾਰ, "ਜਿਨਾਂ ਧੁਨੀ ਚਿੰਨਾਂ ਰਾਹੀਂ ਮਨੁੱਖ ਪਰਸਪਰ ਵਿਚਾਰ-ਵਟਾਂਦਰਾ ਕਰਦਾ ਹੈ, ਉਨ੍ਹਾਂ ਨੂੰ ਸਮੁੱਚੇ ਰੂਪ ਵਿੱਚ ਭਾਸ਼ਾ ਕਿਹਾ ਜਾਂਦਾ ਹੈ।"ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, "ਭਾਸ਼ਾ ਮਨੁੱਖੀ ਸੰਘ ਵਿੱਚੋਂ ਉਚਰਿਤ ਸਾਰਥਕ ਧੁਨੀਆਂ ਦਾ ਸਮੂਹ ਹੈ।"ਉਪਰੋਕਤ ਸਾਰੇ ਵਿਦਵਾਨਾਂ ਦੇ ਵਿਚਾਰਾਂ ਦੇ ਆਧਾਰ ਤੇ ਅਸੀਂ ਭਾਸ਼ਾ ਦੀ ਪਰਿਭਾਸ਼ਾ ਸੰਬੰਧੀ ਸੰਖੇਪ ਰੂਪ ਵਿੱਚ ਇਹ ਕਹਿ ਸਕਦੇ ਹਾਂ ਕਿ:-

ਭਾਸ਼ਾ ਮਨੁੱਖੀ ਸੰਘ ਵਿੱਚੋ ਉਚਰਿਤ ਸਾਰਥਕ ਪਰ ਆਪ ਹੁਦਰੇ ਧੁਨੀ ਪ੍ਰਤੀਕਾਂ ਦਾ ਅਜਿਹਾ ਸਮੂਹ ਹੈ ਜਿਸ ਦਾ ਮੁੱਖ ਮੰਤਵ ਮਨੁੱਖੀ ਸਮਾਜ ਵਿੱਚ ਭਾਵਾਂ ਅਤੇ ਵਿਚਾਰਾਂ ਦਾ ਸੰਚਾਰ ਕਰਨਾ ਹੈ।

**<u>ਭਾਸ਼ਾ ਦੀ ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ</u>** :-

ਭਾਸ਼ਾ ਦੀ ਪਰਿਭਾਸ਼ਾ ਕਰਨ ਤੋਂ ਬਾਅਦ ਅਸੀਂ ਵੱਖ ਵੱਖ ਵਿਦਵਾਨਾਂ ਦੇ ਵਿਚਾਰਾਂ ਤੋਂ ਭਾਸ਼ਾ ਦੀ ਪ੍ਰਕਿਰਤੀ, ਇਸਦੇ ਗੁਣਾਂ ਅਤੇ ਵਿਸ਼ੇਸ਼ਤਾਵਾਂ ਦੇ ਪ੍ਰਮੁੱਖ ਲੱਛਣ ਲੱਭ ਸਕਦੇ ਹਾਂ। ਭਾਸ਼ਾ ਇੱਕ ਜਟਿਲ ਪਰਪੰਚ ਹੈ ਜਿਹੜਾ ਕਿ ਕਈ ਸਾਰੇ ਪੱਖਾਂ ਜਿਵੇਂ ਧੁਨੀਆਂ, ਪ੍ਰਤੀਕਾਂ, ਸੰਦੇਸ਼, ਕੁਝ ਚਿੰਨ੍ਹਾਂ ਆਦਿ ਤੋਂ ਮਿਲਕੇ ਬਣਦਾ ਹੈ। ਦੂਜਾ ਮਨੁੱਖੀ ਭਾਸ਼ਾ ਹੋਰ ਗੈਰ ਮਨੁੱਖੀ ਸੰਚਾਰ ਸਾਧਨਾਂ ਨਾਲੋਂ ਅਤਿ ਵਿਕਸਤ, ਪਰਿਵਰਤਨਸ਼ੀਲ ਅਤੇ ਤਰਤੀਬਬੱਧ ਸੰਰਚਨਾ ਹੈ। ਇਸੇ ਲਈ ਪ੍ਰਸਿੱਧ ਭਾਸ਼ਾ

ਵਿਗਿਆਨੀ ਚਾਰਲਸ ਹਾਕੇਟ ਨੇ 1958 ਵਿੱਚ ਛਪੀ ਆਪਣੀ ਪੁਸਤਕ 'A course in modern linguistics'. ਵਿੱਚ ਮਨੁੱਖੀ ਭਾਸ਼ਾ ਦੀਆਂ ਅਜਿਹੀਆਂ ਸੱਤ ਵਿਸ਼ੇਸ਼ਤਾਵਾਂ ਦੱਸੀਆਂ ਹਨ ਜੋ ਉਸਨੂੰ ਗੈਰ ਮਨੁੱਖੀ ਭਾਸ਼ਾਵਾਂ ਨਾਲੋਂ ਨਖੇੜਦੀਆਂ ਹਨ, ਜੋ ਕਿ ਇਸ ਪ੍ਰਕਾਰ ਹਨ-ਭਾਸ਼ਾ ਦੀ ਪ੍ਰਕਿਰਤੀ ਅਤੇ ਉਤਪਤੀ ਦੇ ਸਿਧਾਂਤ

(1) **ਦੁਪੱਖਤਾ** – ਹਾਕੇਟ ਅਨੁਸਾਰ ਮਨੁੱਖੀ ਭਾਸ਼ਾ ਹੀ ਸਿਰਫ ਅਜਿਹਾ ਸੰਚਾਰ ਸਾਧਨ ਹੈ ਜਿਸ ਵਿੱਚ ਸੰਰਚਨਾ ਦੇ ਦੋ ਪੱਧਰ ਹੁੰਦੇ ਹਨ। ਉਸ ਅਨੁਸਾਰ ਮਨੁੱਖੀ ਭਾਸ਼ਾ ਵਿੱਚ ਇੱਕ ਸਮੇਂ ਧੁਨੀਆਤਮਕ ਰੂਪ ਅਤੇ ਵਿਆਕਰਨਕ ਰੂਪ ਕਾਰਜਸ਼ੀਲ ਹੁੰਦੇ ਹਨ।

(2) **ਉਤਪਾਦਕਤਾ** - ਮਨੁੱਖੀ ਭਾਸ਼ਾ ਦੀ ਦੂਜੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਕੁਝ ਸੀਮਤ ਵਿਆਕਰਨਕ ਨੇਮਾਂ ਦੇ ਨਾਲ ਅਸੀਮਿਤ ਅਤੇ ਅਣਗਿਣਤ ਵਾਕ ਸਮਝੇ, ਸਿਰਜੇ ਅਤੇ ਬੋਲੇ ਜਾ ਸਕਦੇ ਹਨ।

(3) **ਆਪਹੁਦਰਾਪਣ** - ਸੰਰਚਨਾਤਮਕ ਭਾਸ਼ਾ ਵਿਗਿਆਨ ਅਨੁਸਾਰ ਭਾਸ਼ਾ ਚਿੰਨ੍ਹਾਂ ਦਾ ਇੱਕ ਸਿਸਟਮ ਹੈ। ਇੰਕ ਚਿੰਨ੍ਹ ਦੀ ਬਣਤਰ ਵਿੱਚ ਚਿੰਨ੍ਹਕ ਅਤੇ ਚਿੰਨ੍ਹਤ ਦਾ ਸੁਮੇਲ ਸ਼ਾਮਲ ਹੁੰਦਾ ਹੈ। ਇਨ੍ਹਾਂ ਦੋਹਾਂ ਦਾ ਆਪਸੀ ਸੰਬੰਧ ਰਿਸ਼ਤੇ ਉੱਪਰ ਆਧਾਰਤ ਹੁੰਦਾ ਹੈ।

(4) **ਅੰਤਰ-ਵਟਾਂਦਰਾ** - ਇਸ ਦਾ ਅਰਥ ਇਹ ਹੈ ਕਿ ਸੰਚਾਰ ਦੀਆਂ ਦੋ ਧਿਰਾਂ ਵਕਤਾ ਅਤੇ ਸਰੋਤਾਂ ਦੀ ਆਪਸੀ ਸਥਿਤੀ ਕਦੇ ਵੀ ਬਦਲ ਸਕਦੀ ਹੈ।

(5) **ਵਿਸ਼ੇਸ਼ਗਤਾ** – ਇਸਦਾ ਅਰਥ ਹੈ ਕਿ ਭਾਸ਼ਾ ਕ੍ਰਿਆ ਕਿਸੇ ਵੀ ਮਨੁੱਖੀ ਕ੍ਰਿਆ ਲਈ ਪ੍ਰੇਰਕ ਹੁੰਦੀ ਹੈ। ਜਿਵੇਂ ਮੇ ਜ਼ ਉੱਤੇ ਖਾਣਾ ਲਗਾ ਕੇ ਸੱਦਾ ਦੇਣਾ ਆਉ, ਖਾਣਾ ਖਾਉ" ਇਹ ਖਾਣਾ ਖਾਣ ਦੀ ਮਨੁੱਖੀ ਕ੍ਰਿਆ ਲਈ ਪ੍ਰੇਰਕ ਹੈ ਅਤੇ ਨਾਲ ਹੀ ਉਸਦਾ ਵਿਸ਼ੇਸ਼ੀਕਰਨ ਕਰਦਾ ਹੈ। ਇਸ ਪ੍ਰਕਾਰ ਮਨੁੱਖੀ ਭਾਸ਼ਾ ਭਾਵਾਂ ਅਤੇ ਵਿਚਾਰਾਂ ਦਾ ਵਿਸ਼ੇ ਸ਼ੀਕਰਨ ਕਰ ਦਿੰਦੀ ਹੈ।

(6) **ਵਿਸਥਾਪਨ** - ਇਸ ਦਾ ਅਰਥ ਹੈ ਕਿ ਭਾਸ਼ਾ ਦਾ ਕੋਈ ਵੀ ਕਥਨ ਵਿਸ਼ੇਸ਼ ਸਮੇਂ ਅਤੇ ਸਥਾਨ ਤੋਂ ਮੁਕਤ ਹੋ ਕੇ ਵੀ ਆਪਣਾ ਮੂਲ ਅਰਥ ਰੱਖਦਾ ਹੈ। ਅੱਜ ਤੋਂ ਹਜਾਰ ਸਾਲ ਪਹਿਲਾਂ ਰਚੀ ਰਚਨਾ ਵੀ ਅੱਜ ਉਨ੍ਹਾਂ ਹੀ ਅਰਥਾਂ ਵਿੱਚ ਗ੍ਰਹਿਣਯੋਗ ਹੈ।

(7) **ਸਭਿਆਚਾਰਕ ਸੰਚਾਰਨ** - ਹਰੇਕ ਭਾਸ਼ਾ ਦੇ ਭਾਵ ਸੰਸਾਰ ਦਾ ਸੰਬੰਧ ਸਭਿਆਚਾਰ ਨਾਲ ਬਹੁਤ ਗੂੜਾ ਹੁੰਦਾ ਹੈ। ਭਾਸ਼ਾ ਦੁਆਰਾ ਹੀ ਸਭਿਆਚਾਰ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਾਇਆ ਜਾਂਦਾ ਹੈ। ਦੂਜੀ ਗੱਲ ਇਹ ਕਿ ਭਾਸ਼ਾ ਦੀ ਸਿਖਲਾਈ ਜਨਮ ਪਰੰਪਰਾ ਨਾਲ ਸੰਬੰਧਤ ਨਾ ਹੋ ਕੇ ਸਭਿਆਚਾਰਕ ਪਰੰਪਰਾ ਨਾਲ ਸੰਪੂਰਨ ਹੁੰਦੀ ਹੈ।

ਮਨੁੱਖੀ ਭਾਸ਼ਾ ਦੀਆਂ ਉਪਰੋਕਤ ਵਿਸ਼ੇਸ਼ਤਾਵਾਂ ਇਸਨੂੰ ਸਾਰੀਆਂ ਮਨੁੱਖੀ ਸਿਰਜਨਾਵਾਂ ਵਿੱਚੋਂ ਉਤਮਤਾ ਪ੍ਰਦਾਨ ਕਰਦੀਆਂ ਹਨ। ਇੰਨ੍ਹਾਂ ਤੋਂ ਬਿਨਾਂ ਵੀ ਭਾਸ਼ਾ ਦੀਆਂ ਹੇਠ ਲਿਖੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਰਸਾਈਆਂ ਜਾ ਸਕਦੀਆਂ ਹਨ।

1.**ਭਾਸ਼ਾ ਧੁਨੀਆਤਮਕ ਹੁੰਦੀ ਹੈ**- ਹਰੇਕ ਭਾਸ਼ਾ ਦਾ ਸੰਬੰਧ ਕੁਝ ਵਿਸ਼ੇਸ਼ ਨਿਸ਼ਚਿਤ ਧੁਨੀਆਂ ਦੇ ਸਮੂਹ ਨਾਲ ਹੁੰਦਾ ਹੈ। ਇਹ ਕਈ ਤਰਾਂ ਦੀਆਂ ਆਵਾਜਾਂ ਜਾਂ ਧੁਨੀਆਂ ਦੀ ਲੜੀਬੱਧ ਪ੍ਰਣਾਲੀ ਹੈ ਜਿਹੜੀਆਂ ਉਚਾਰਨ ਅੰਗਾਂ ਦੀ ਸਹਾਇਤਾ ਨਾਲ ਉਚਾਰੀਆਂ ਜਾਂਦੀਆਂ ਹਨ। ਇਨ੍ਹਾਂ ਧੁਨੀਆਂ ਨੂੰ ਤਰਤੀਬ ਦੇਣ ਨਾਲ ਹੀ ਭਾਸ਼ਾ ਦਾ ਜਨਮ ਹੁੰਦਾ ਹੈ।

2. **ਭਾਸ਼ਾ ਇੱਕ ਪ੍ਰਬੰਧ ਹੈ**- ਸੀ. ਐਲ ਬਾਰਬਰ ਦੇ ਅਨੁਸਾਰ, "ਭਾਸ਼ਾ ਕਈ ਤਰਾਂ ਦੀਆਂ ਲੜੀਬੱਧ ਪ੍ਰਣਾਲੀਆਂ ਅਤੇ ਬਣਤਰਾਂ ਦਾ ਸੁਮੇਲ ਹੈ। ਇਨ੍ਹਾਂ ਵੱਖ ਵੱਖ ਪ੍ਰਣਾਲੀਆਂ ਦੇ ਸੁਮੇਲ ਰਾਹੀਂ ਭਾਸ਼ਾ ਦਾ ਪ੍ਰਬੰਧ ਉਸਾਰਿਆ ਜਾਂਦਾ ਹੈ ।

3.**ਭਾਸ਼ਾ ਚਿੰਨ੍ਹਾਤਮਕ ਹੁੰਦੀ ਹੈ** - ਭਾਸ਼ਾ ਧੁਨੀ ਚਿੰਨਾਂ ਦਾ ਸਮੂਹ ਹੁੰਦੀ ਹੈ। ਹਰੇਕ ਧੁਨੀ ਲਈ ਇੱਕ ਚਿੰਨ੍ਹ ਮਿਥਿਆਜਾਂਦਾ ਹੈ ਜੋ ਕਿ ਚਿੰਨ੍ਹਕ ਤੇ ਚਿੰਨ੍ਹਤ ਦੇ ਸੁਮੇਲ ਤੋਂ ਬਣਦਾ ਹੈ |

4.**ਭਾਸ਼ਾ ਭਾਵਾਂ ਤੇ ਵਿਚਾਰਾਂ ਦੇ ਪ੍ਰਗਟਾਉਣ ਦੀ ਵਿਧੀ ਹੈ-** ਭਾਸ਼ਾ ਇੱਕ ਅਜਿਹੀ ਵਿਧੀ ਜਾਂ ਸਾਧਨ ਹੈ ਜਿਸ ਰਾਹੀਂ ਅਸੀਂ ਆਪਣੇ ਭਾਵਾਂ ਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰ ਸਕਦੇ ਹਾਂ।

5. **ਭਾਸ਼ਾ ਮਾਨਵ ਕੇਂਦਰਤ ਹੈ** - ਬੇਸ਼ੱਕ ਪ੍ਰਤੱਖ ਤੌਰ ਤੇ ਭਾਸ਼ਾ ਸਰੀਰਕ ਕਾਰਜ ਵਜੋਂ ਪ੍ਰਗਟ ਹੁੰਦੀ ਹੈ। ਪਰ ਭਾਸ਼ਾ ਮਨੁੱਖੀ ਸਿਰਜਨਾ ਹੈ ਤੇ ਸਮਾਜ ਦੀ ਕਿਸੇ ਵੀ ਤਬਦੀਲੀ ਦਾ ਇਸ ਉੱਪਰ ਅਸਰ ਪੈਂਦਾ ਹੈ।

6. **ਭਾਸ਼ਾ ਸਮਾਜਕ ਵਸਤੂ ਹੈ -** ਆਰੰਭਕ ਸਮੇਂ ਵਿੱਚ ਇਹ ਕਿਹਾ ਜਾਂਦਾ ਸੀ ਕਿ ਭਾਸ਼ਾ ਪ੍ਰਮਾਤਮਾ ਦੀ ਦਾਤ ਹੈ ਪਰ ਅਜੋਕੇ ਸਮੇਂ ਵਿੱਚ ਇਹ ਸਿੱਧ ਹੋ ਚੁੱਕਾ ਹੈ ਕਿ ਭਾਸ਼ਾ ਸਮਾਜ ਦੀ ਬਣਾਈ ਹੋਈ ਵਸਤੂ ਹੈ। ਕੁਦਰਤ ਨੇ ਮਨੁੱਖ ਨੂੰ ਉਚਾਰਨ ਅੰਗ ਜ਼ਰੂਰ ਦਿੱਤੇ ਹਨ ਪਰ ਭਾਸ਼ਾ ਦੀ ਸਿਰਜਨਾ ਮਨੁੱਖ ਨੇ ਹੀ ਕੀਤੀ ਹੈ।

7 **ਭਾਸ਼ਾ ਇੱਕ ਸੰਕੇਤਕ ਸੰਸਥਾ ਹੈ**- ਮਨੁੱਖ ਆਪਣੇ ਹਾਵਾਂ ਭਾਵਾਂ ਅਤੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਸੰਕੇਤਕ ਧੁਨੀਆਂ ਦੀ ਵਰਤੋਂ ਕਰਦਾ ਹੈ।

8.**ਭਾਸ਼ਾ ਪਰਿਵਰਤਨਸ਼ੀਲ ਵਰਤਾਰਾ ਹੈ**- ਪਰਿਵਰਤਨ ਕੁਦਰਤ ਦਾ ਨਿਯਮ ਹੈ ਅਤੇ ਇਹ ਭਾਸ਼ਾ ਉੱਪਰ ਵੀ ਲਾਗੂ ਹੁੰਦਾ ਹੈ। ਮੱਧਕਾਲ ਦੀ ਪੰਜਾਬੀ ਅਤੇ ਅਜੋਕੀ ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਅਤੇ ਬਣਤਰ ਵਿੱਚ ਅਨੇਕਾਂ ਪਰਿਵਰਤਨ ਆਏ ਹਨ।

9 **ਭਾਸ਼ਾ ਸਰਵ ਵਿਆਪਕ ਹੈ**- ਹਰੇਕ ਮਨੁੱਖੀ ਸਮਾਜ ਨੇ ਆਪਣੀਆਂ ਸਥਾਨਕ ਅਤੇ ਬਾਹਰੀ ਲੋੜਾਂ ਦੀ ਪੂਰਤੀ ਲਈ ਸੰਚਾਰ ਦੇ ਮਾਧਿਅਮ ਵਜੋਂ ਕੋਈ ਨਾ ਕੋਈ ਭਾਸ਼ਾ ਜਰੂਰ ਘੜੀ ਹੈ। ।।

10. **ਭਾਸ਼ਾ ਸਮਾਜਿਕ ਦਰਪਣ ਹੈ**- ਹਰੇਕ ਸਮਾਜ ਨੂੰ ਸਮਝਣ ਲਈ ਉਸਦੀ ਸੰਬੰਧਤ ਭਾਸ਼ਾ ਨੂੰ ਸਮਝਣਾ ਬਹੁਤ ਜਰੂਰੀ ਹੁੰਦਾ ਹੈ। ਸਾਡੇ ਪੰਜਾਬੀ ਸਮਾਜਕ ਅਤੇ ਸੱਭਿਆਚਾਰਕ ਤਾਣੇ ਬਾਣੇ ਦੀ ਤਸਵੀਰ ਹਿੰਦੀ, ਉਰਦੂ ਜਾਂ ਅੰਗਰੇਜੀ ਭਾਸ਼ਾਵਾਂ ਬਿਆਨ ਨਹੀਂ ਕਰ ਸਕਦੀਆਂ ।ਉਦਾਹਰਨ ਵਜੋਂ ਸਾਡੀ ਰਿਸ਼ਤਾ ਨਾਤਾ ਪ੍ਰਣਾਲੀ ਵਿੱਚ ਚਾਚੇ, ਮਾਮੇ, ਤਾਏ,

ਫੁੱਫੜ, ਮਾਸੜ ਆਦਿ ਰਿਸ਼ਤਿਆਂ ਦੀ ਆਪਣੀ ਵੱਖਰੀ ਅਪਣੱਤ ਅਤੇ ਭੂਮਿਕਾ ਹੈ ਜਦਕਿ ਅੰਗਰੇਜੀ ਵਿੱਚ ਇੰਨਾਂ ਸਾਰਿਆਂ ਲਈ ਅੰਕਲ ਸ਼ਬਦ ਦਾ ਪ੍ਰਯੋਗ ਹੁੰਦਾ ਹੈ।

11. **ਭਾਸ਼ਾ ਅਤੇ ਉਪਭਾਸ਼ਾਵਾਂ**- ਇੱਕ ਭਾਸ਼ਾ ਦੀਆਂ ਅੱਗੋਂ ਕਈ ਖੇਤਰੀ ਉਪ ਭਾਸ਼ਾਵਾਂ ਵੀ ਹੋ ਸਕਦੀਆਂ ਹਨ। ਜਿਵੇਂ ਪੰਜਾਬੀ ਭਾਸ਼ਾ ਦੀਆਂ ਮਾਝੀ, ਮਲਵਈ, ਦੁਆਬੀ ਅਤੇ ਪੁਆਧੀ ਪ੍ਰਮੁੱਖ ਉਪਭਾਸ਼ਾਵਾਂ ਹਨ।

12. **ਭਾਸ਼ਾ ਸਥਿਤੀ ਨਾਲ ਸੰਬੰਧਤ ਹੁੰਦੀ ਹੈ**- ਅਸੀਂ ਜਦੋਂ ਵੀ ਕਿਸੇ ਵਿਅਕਤੀ ਨਾਲ ਗੱਲਬਾਤ ਕਰਦੇ ਹਾਂ ਤਾਂ ਸੰਬੰਧਤ ਸਥਿਤੀ ਦਾ ਜਰੂਰ ਧਿਆਨ ਰੱਖਿਆ ਜਾਂਦਾ ਹੈ ਕਿ ਸਥਿਤੀ ਧਾਰਮਿਕ ਹੈ, ਰਾਜਸੀ ਹੈ, ਸਮਾਜਕ ਹੈ, ਖੁਸ਼ੀ ਵਾਲੀ ਹੈ, ਗਮੀ ਵਾਲੀ ਹੈ ਆਦਿ।

13. **ਭਾਸ਼ਾ ਇੱਕ ਸੰਚਾਰ ਪ੍ਰਣਾਲੀ ਹੈ**— ਭਾਸ਼ਾ ਇੱਕ ਅਜਿਹਾ ਮਾਧਿਅਮ ਹੈ ਜਿਸ ਦੇ ਰਾਹੀਂ ਅਸੀਂ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਸੰਚਾਰਤ ਕਰਦੇ ਹਾਂ। ਇੱਕ ਚੰਗੇ ਸੰਚਾਰ ਲਈ ਵਕਤਾ, ਸਰੋਤਾ, ਕੋਡ, ਸੰਦੇਸ਼ ਅਤੇ ਚਿੰਨਾਂ ਆਦਿ ਦਾ ਹੋਣਾ ਜਰੂਰੀ ਹੈ।

14**. ਭਾਸ਼ਾ ਅਰਜਿਤ ਕੀਤੀ ਜਾਂਦੀ ਹੈ -** ਭਾਸ਼ਾ ਸਾਨੂੰ ਜਮਾਂਦਰ ਪ੍ਰਾਪਤ ਨਹੀਂ ਹੁੰਦੀ ਜਿਵੇਂ ਕਿ ਸਾਡੇ ਸਰੀਰ ਨਾਲ ਪ੍ਰਾਪਤ ਹੁੰਦੇ ਹਨ। ਸਗੋਂ ਭਾਸ਼ਾ ਤਾਂ ਸਾਨੂੰ ਅਨੁਕਰਨ ਰਾਹੀਂ ਆਪਣੇ ਘਰ ਪਰਿਵਾਰ ਅਤੇ ਆਲ ਦੁਆਰਾ ਅਰਜਿਤ ਕਰਨੀ ਪੈਂਦੀ ਹੈ।

15**. ਭਾਸ਼ਾ ਉਚਾਰਮੁੱਖ ਹੈ** - ਬੇਸ਼ੱਕ ਭਾਸ਼ਾ ਨੂੰ ਉਚਿਰਤ (ਮੌਖਿਕ) ਅਤੇ ਲਿਖਤੀ ਦੇ ਸਰੂਪਾਂ ਵਿੱਚ ਵੰਡਿਆ ਜਾਂਦਾ ਹੈ ਪਰੰਤੂ ਭਾਸ਼ਾ ਦਾ ਅਮਲੀ ਰੂਪ ਉਸਦੀ ਮੌਖਿਕ ਰੂਪ (ਬੋਲੀ) ਹੀ ਮੰਨਿਆ ਜਾਂਦਾ ਹੈ।

16. **ਭਾਸ਼ਾ ਸੁਧ ਜਾਂ ਅਸ਼ੁਧ ਨਹੀਂ ਹੁੰਦੀ**- ਕਿਸੇ ਵੀ ਇਲਾਕੇ ਦੀ ਭਾਸ਼ਾ ਸੁਧ ਜਾਂ ਅਸ਼ੁਧ ਨਹੀਂ ਕਹੀ ਜਾ ਸਕਣ ਬਸਰਤੇ ਕਿ ਉਹ ਵਿਆਕਰਨ ਪੱਖੋਂ ਗਲਤ ਨਾ ਹੋਵੇ। ਕਿਉਂ ਕਿ ਭਾਸ਼ਾ ਤਾਂ ਸੰਚਾਰ ਦਾ ਸਾਧਨ ਹੈ ਜੋ ਕਿ ਨਹੀਂ ਕਿਹਾ ਜਾ ਸਕਦਾ ਹੈ।

17. **ਹਰੇਕ ਭਾਸ਼ਾ ਦਾ ਕੇਂਦਰੀ ਜਾਂ ਟਕਸਾਲੀ ਪ੍ਰਮਾਣਕ ਰੂਪ ਹੁੰਦਾ ਹੈ**- ਹਰੇਕ ਭਾਸ਼ਾ ਵਿਚ ਟਕਸਾਲੀ ਰੂਪ ਨੂੰ ਹੀ ਪ੍ਰਮਾਣਕ ਮੰਨਿਆ ਜਾਂਦਾ ਹੈ। ਉਸ ਵਿੱਚ ਹੀ ਦਫਤਰੀ ਕੰਮ ਕਾਜ, ਕਿਤਾਬਾਂ, ਵਿੱਦਿਆ ਆਦਿ ਪ੍ਰਦਾਨ ਕੀਤੀ ਜਾਂਦੀ ਹੈ।
18. **ਭਾਸ਼ਾ ਸੱਭਿਆਚਾਰ ਨੂੰ ਸੰਚਿਤ ਅਤੇ ਸੰਚਾਰਿਤ ਕਰਦੀ ਹੈ-** ਭਾਸ਼ਾ ਸੰਬੰਧਤ ਸੱਭਿਆਚਾਰ ਨੂੰ ਸੰਭਾਲ ਕੇ ਰੱਖਦੀ ਹੈ ਅਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਾਉਂਦੀ ਹੈ।

ਉਪਰੋਕਤ ਵਿਸ਼ੇਸ਼ੇਸ਼ਣ ਤੋਂ ਇਹ ਸਿੱਧ ਹੁੰਦਾ ਹੈ ਕਿ ਭਾਸ਼ਾ ਸੰਬੰਧੀ ਵਿਆਕਰਨਕਾਰ, ਮਨੋਵਿਗਿਆਨੀ ਸਿੱਖਿਆਸ਼ਾਸ਼ਤਰੀ, ਭਾਸ਼ਾ ਵਿਗਿਆਨੀ ਆਦਿ ਹਰੇਕ ਦਾ ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ। ਪਰ ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਭਾਸ਼ਾ ਇੱਕ ਸੰਚਾਰ ਦਾ ਸਾਧਨ ਹੈ ਜਿਸ ਵਿੱਚ ਨਿਸ਼ਚਿਤ ਧੁਨੀ ਪ੍ਰਤੀਕਾਂ ਰਾਹੀਂ ਅਸੀਂ ਆਪਣੇ ਭਾਵ ਅਤੇ ਵਿਚਾਰਾਂ ਦਾ ਪ੍ਰਗਟਾਉ ਕਰਦੇ ਹਾਂ।

## ਅਭਿਆਸ

ਪ੍ਰਸ਼ਨ 1. ਭਾਸ਼ਾ ਕੀ ਹੁੰਦੀ ਹੈ ? ਇਸਦੀ ਪਰਕਿਰਤੀ 'ਤੇ ਚਰਚਾ ਕਰੋ।

S.D.
S.D. COLLEGE OF EDUCATION, BNL.
KNOWLEDGE IS VISION SUPREME
ज्ञानं चक्षुर्मनुष्याणाम